# ਦੋਸ਼ਾਂ ਦੀ ਪੜਤਾਲ ਕਰਨੀ

**ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ NLRA ਹੱਕਾਂ ਦੀ ਉਲੰਘਣਾ ਹੋਈ ਹੈ, ਤਾਂ ਤੁਸੀਂ ਕਿਸੇ ਨੌਕਰੀਦਾਤਾ ਜਾਂ ਕਿਰਤ ਸੰਸਥਾ ਦੇ ਖ਼ਿਲਾਫ਼ ਦੋਸ਼ ਦਾਇਰ ਕਰ ਸਕਦੇ ਹੋ। ਤੁਹਾਨੂੰ ਦੋਸ਼ਾਂ ਸਬੰਧੀ ਫ਼ਾਰਮ ਇੱਥੇ ਮਿਲ ਸਕਦੇ ਹਨ। ਕਿਰਪਾ ਕਰਕੇ ਮਦਦ ਲਈ ਆਪਣੇ ਸਭ ਤੋਂ ਨਜ਼ਦੀਕੀ ਇਲਾਕਾਈ ਦਫ਼ਤਰ ਵਿੱਚ ਇੰਫ਼ਰਮੇਸ਼ਨ ਅਫ਼ਸਰ ਨਾਲ ਸੰਪਰਕ ਕਰੋ।**

NLRB ਨੂੰ ਦੋਸ਼ ਲਾਉਣ ਸਬੰਧੀ ਮੁਲਾਜ਼ਮਾਂ, ਯੂਨੀਅਨਾਂ, ਅਤੇ ਨੌਕਰੀਦਾਤਿਆਂ ਤੋਂ ਹਰ ਸਾਲ ਲਗਭਗ 20,000 ਤੋਂ 30,000 ਦਸਤਾਵੇਜ਼ ਮਿਲਦੇ ਹਨ, ਇਸ ਵਿੱਚ ਕਾਨੂੰਨ ਦੇ ਸੈਕਸ਼ਨ 8 ਵਿੱਚ ਦੱਸੇ ਗਏ ਅਣਉਚਿਤ ਕਿਰਤ ਵਿਹਾਰਾਂ ਦੀ ਰੇਂਜ ਆਉਂਦੀ ਹੈ।

ਹਰ ਇੱਕ ਦੋਸ਼ ਦੀ ਪੜਤਾਲ ਬੋਰਡ ਏਜੰਟਾਂ ਵਲੋਂ ਕੀਤੀ ਜਾਂਦੀ ਹੈ, ਜੋ ਸਬੂਤ ਇਕੱਠੇ ਕਰਦੇ ਹਨ ਅਤੇ ਧਿਰਾਂ ਅਤੇ ਗੁਆਹਾਂ ਦੇ ਹਲਫ਼ੀਆ ਬਿਆਨ ਲੈ ਸਕਦੇ ਹਨ। ਇਲਾਕਾਈ ਡਾਇਰੈਕਟਰ ਵਲੋਂ ਉਹਨਾਂ ਦੇ ਸਿੱਟਿਆਂ ਦਾ ਮੁਲਾਂਕਣ ਕੀਤਾ ਜਾਂਦਾ ਹੈ, ਅਤੇ ਕੁਝ ਨਵੇਂ ਜਾਂ ਅਹਿਮ ਕੇਸਾਂ ਦਾ ਜ਼ਾਇਜ਼ਾ ਵਾਸ਼ਿੰਗਟਨ DC ਵਿਚਲੀ ਡਿਵੀਜ਼ਨ ਔਫ਼ ਐਡਵਾਈਜ਼ ਵਿਖੇ NLRB ਦੇ ਅਟਾੱਰਨੀਆਂ ਵਲੋਂ ਲਿਆ ਜਾਂਦਾ ਹੈ। ਆਮ ਤੌਰ 'ਤੇ, ਦੋਸ਼ ਬਾਰੇ 7 ਤੋਂ 14 ਹਫ਼ਤਿਆਂ ਦੇ ਅੰਦਰ ਗੁਣਾਂ ਅਤੇ ਔਗੁਣਾਂ ਦੇ ਅਧਾਰ 'ਤੇ ਫ਼ੈਸਲਾ ਲਿਆ ਜਾਂਦਾ ਹੈ, ਹਾਲਾਂਕਿ ਕੁਝ ਕੇਸਾਂ ਵਿੱਚ ਬਹੁਤ ਜ਼ਿਆਦਾ ਸਮਾਂ ਲੱਗ ਸਕਦਾ ਹੈ। ਇਸ ਮਿਆਦ ਦੌਰਾਨ, ਬਹੁਤੇ ਦੋਸ਼ਾਂ ਦਾ ਨਿਪਟਾਰਾ ਧਿਰਾਂ ਵਲੋਂ ਹੀ ਕੀਤਾ ਜਾਂਦਾ ਹੈ, ਦੋਸ਼ ਲਾਉਣ ਵਾਲੀ ਧਿਰ ਕੇਸ ਵਾਪਸ ਲੈ ਲੈਂਦੀ ਹੈ ਜਾਂ ਇਲਾਕਾਈ ਡਾਇਰੈਕਟਰ ਵਲੋਂ ਖ਼ਾਰਜ ਕਰ ਦਿੱਤਾ ਜਾਂਦਾ ਹੈ। ਚਾਰਟਾਂ ਅਤੇ ਡੇਟਾ ਲਈ ਇੱਥੇ ਕਲਿੱਕ ਕਰੋ।

ਜਦੋਂ NLRB ਦੀ ਪੜਤਾਲ ਵਿੱਚ ਦੋਸ਼ ਦੇ ਪੱਖ ਵਿੱਚ ਕਾਫ਼ੀ ਸਬੂਤ ਮਿਲਦੇ ਹਨ, ਤਾਂ ਧਿਰਾਂ ਵਿਚਕਾਰ ਸੁਲ੍ਹਾ ਕਰਾਉਣ ਦੀ ਹਰ ਕੋਸ਼ਿਸ਼ ਕੀਤੀ ਜਾਂਦੀ ਹੈ। ਜੇ ਯੋਗ ਮਾਮਲੇ ਵਿੱਚ ਕੋਈ ਸੁਲ੍ਹਾ ਨਹੀਂ ਹੁੰਦੀ, ਤਾਂ ਏਜੰਸੀ ਸ਼ਿਕਾਇਤ ਜਾਰੀ ਕਰ ਸਕਦੀ ਹੈ। ਦੋਸ਼ਾਂ ਵਿੱਚ ਨੌਕਰੀਦਾਤਿਆਂ ਖ਼ਿਲਾਫ਼ ਆਮ ਦੋਸ਼ਾਂ ਵਿੱਚ ਮੁਲਾਜ਼ਮਾਂ ਵਲੋਂ ਯੂਨੀਅਨ ਵਿੱਚ ਉਹਨਾਂ ਦੀ ਸਰਗਰਮੀ ਵਿੱਚ ਹਿੱਸਾ ਲੈਣ ਬਦਲੇ ਧਮਕਾਉਣਾ, ਪੁੱਛ-ਪੜਤਾਲ ਕਰਨੀ ਅਤੇ ਗ਼ੈਰਕਾਨੂੰਨੀ ਅਨੁਸ਼ਾਸਨੀ ਕਾਰਵਾਈ ਕਰਨੀ; ਯੂਨੀਅਨਬਾਜ਼ੀ ਨੂੰ ਨਿਰਉਤਸਾਹ ਕਰਨ ਲਈ ਲਾਭ ਦੇਣ ਦੇ ਵਾਅਦੇ; ਅਤੇ ਸਮੂਹਕ ਸੌਦੇਬਾਜ਼ੀ ਦੇ ਸਬੰਧਾਂ ਦੇ ਹਵਾਲੇ ਨਾਲ, ਜਾਣਕਾਰੀ ਦੇਣ ਤੋਂ ਮਨ੍ਹਾ ਕਰਨਾ, ਸੌਦੇਬਾਜ਼ੀ ਤੋਂ ਮਨ੍ਹਾ ਕਰਨਾ, ਮਾਣਤਾ ਵਾਪਸ ਲੈਣਾ ਸ਼ਾਮਿਲ ਹੈ। ਯੂਨੀਅਨਾਂ ਖ਼ਿਲਾਫ਼ ਆਮ ਦੋਸ਼ਾਂ ਵਿੱਚ ਮੁਲਾਜ਼ਮ ਦੀ ਨੁਮਾਇੰਦਗੀ ਕਰਨ ਵਿੱਚ ਨਾਕਾਮ ਰਹਿਣਾ ਅਤੇ ਨੇਕਨੀਅਤ ਨਾਲ ਸੌਦੇਬਾਜ਼ੀ ਕਰਨ ਵਿੱਚ ਨਾਕਾਮਯਾਬ ਹੋਣਾ ਸ਼ਾਮਿਲ ਹੈ।

ਸ਼ਿਕਾਇਤ ਜਾਰੀ ਕਰਨ 'ਤੇ NLRB ਦੇ ਪ੍ਰਸ਼ਾਸਕੀ ਕਾਨੂੰਨ ਬਾਰੇ ਜੱਜ (ਜਦ ਤੱਕ ਕੋਈ ਨਿਪਟਾਰਾ ਨਹੀਂ ਹੁੰਦਾ) ਦੇ ਸਾਹਮਣੇ ਸੁਣਵਾਈ ਹੁੰਦੀ ਹੈ। ਸ਼ਿਕਾਇਤ ਜਾਰੀ ਕਰਨ ਤੋਂ ਬਾਅਦ, ਸੁਲ੍ਹਾ ਬਾਰੇ ਗੱਲਬਾਤ ਅਤੇ ਬੋਰਡ ਅਮਲ ਰਾਹੀਂ NLRB ਦੋਸ਼ ਲਾਉਣ ਵਾਲੀ ਧਿਰ ਦਾ ਨੁਮਾਇੰਦਾ ਬਣ ਜਾਂਦਾ ਹੈ। ਬੋਰਡ ਅਟਾੱਰਨੀ ਦਸਤਾਵੇਜ਼ ਇਕੱਠੇ ਕਰਨ ਅਤੇ ਤਿਆਰ ਕਰਨ ਵਿੱਚ ਮਦਦ ਕਰਦੇ ਹਨ ਅਤੇ ਧਿਰਾਂ ਨੂੰ ਕੇਸ ਵਿਚਲੀ ਤਰੱਕੀ ਬਾਰੇ ਜਾਣੂ ਕਰਾਉਂਦੇ ਰਹਿੰਦੇ ਹਨ।

ਕਿਸੇ ਨੌਕਰੀਦਾਤਾ ਜਾਂ ਯੂਨੀਅਨ ਲਈ ਮੁਲਾਜ਼ਮਾਂ ਖ਼ਿਲਾਫ਼ ਦੋਸ਼ ਦਾਇਰ ਕਰਨਾ ਜਾਂ NLRB ਪੜਤਾਲਾਂ ਜਾਂ ਕਾਰਵਾਈਆਂ ਵਿੱਚ ਹਿੱਸਾ ਲੈਣ ਕਰਕੇ ਬਦਲੇ ਦੀ ਕਾਰਵਾਈ ਕਰਨਾ ਗ਼ੈਰਕਾਨੂੰਨੀ ਹੈ।

**ਉਪਾਅ**

ਇਸ ਔਰਡੀਨੈਂਸ ਹੇਠ, NLRB ਜੁਰਮਾਨਿਆਂ ਦਾ ਮੁਲਾਂਕਣ ਨਹੀਂ ਕਰ ਸਕਦਾ। ਏਜੰਸੀ ਪੂਰੇ ਉਪਾਅ ਕਰਨ ਲਈ ਕਹਿ ਸਕਦੀ ਹੈ, ਜਿਵੇਂ ਕੱਢੇ ਗਏ ਮੁਲਾਜ਼ਮਾਂ ਲਈ ਬਹਾਲੀ ਅਤੇ ਬਕਾਇਆ ਤਨਖ਼ਾਹ ਦੇਣਾ ਅਤੇ ਜਾਣਕਾਰੀ ਸਬੰਧੀ ਉਪਾਅ, ਜਿਵੇਂ ਕਾਨੂੰਨ ਦੀ ਉਲੰਘਣਾ ਨਾ ਕਰਨ ਦਾ ਵਾਅਦਾ ਕਰਨ ਵਾਲੇ ਨੌਕਰੀਦਾਤਾ ਵਲੋਂ ਨੋਟਿਸ ਪੋਸਟ ਕਰਨਾ।

**ਮਨਾਹੀ ਦੇ ਆਰਜ਼ੀ ਹੁਕਮ**

ਬੋਰਡ ਦੇ ਅਮਲ ਰਾਹੀਂ ਜਦੋਂ ਕੇਸ ਅੱਗੇ ਵਧਦਾ ਹੈ, ਤਾਂ ਇਲਾਕਾਈ ਡਾਇਰੈਕਟਰ ਕਾਨੂੰਨ ਦੇ ਸੈਕਸ਼ਨ 10(j) ਹੇਠ, ਜਿੱਥੇ ਹੱਕਾਂ ਦੀ ਉਲੰਘਣਾ ਹੋਈ ਹੈ, ਉਸੀ ਸਥਿਤੀ ਨੂੰ ਬਹਾਲ ਕਰਨ ਲਈ ਮਨਾਹੀ ਦੇ ਆਰਜ਼ੀ ਹੁਕਮ ਲਈ ਢੁਕਵੀਂ U.S. ਡਿਸਟ੍ਰਿਕਟ ਅਦਾਲਤ ਵਿੱਚ ਪਟੀਸ਼ਨ ਪਾ ਸਕਦਾ ਹੈ। ਜਨਰਲ ਕੌਂਸਲ ਨੂੰ ਪਹਿਲਾਂ ਪਟੀਸ਼ਨ ਨੂੰ ਮੰਜ਼ੂਰੀ ਦੇਣੀ ਚਾਹੀਦੀ ਹੈ ਅਤੇ ਬੋਰਡ ਨੂੰ ਇਸ ਨੂੰ ਅਖ਼ਤਿਆਰ ਜ਼ਰੂਰ ਦੇਣਾ ਚਾਹੀਦਾ ਹੈ। ਜੇ ਅਦਾਲਤ ਵਲੋਂ ਮੰਜ਼ੂਰੀ ਦਿੱਤੀ ਗਈ ਹੈ, ਤਾਂ ਹੋਰਨਾਂ ਗੱਲਾਂ ਦੇ ਨਾਲ, ਧਿਰ ਵਲੋਂ ਸੌਦੇਬਾਜ਼ੀ ਵਿੱਚ ਵਾਪਸ ਆਉਣ ਜਾਂ ਗ਼ੈਰਕਾਨੂੰਨੀ ਤੌਰ 'ਤੇ ਕੱਢੇ ਗਏ ਮੁਲਾਜ਼ਮਾਂ ਨੂੰ ਮੁੜ ਬਹਾਲ ਕਰਨ ਜਾਂ ਯੂਨੀਅਨ ਦੀਆਂ ਨੌਕਰੀਆਂ ਦੇ ਗ਼ੈਰਕਾਨੂੰਨੀ ਢੰਗ ਨਾਲ ਉਪ-ਠੇਕੇਦਾਰੀ ਬੰਦ ਕਰਨ ਦਾ ਮਨਾਹੀ ਦਾ ਹੁਕਮ ਦੇ ਸਕਦੀ ਹੈ। 10(j) ਮਨਾਹੀ ਦੇ ਹੁਕਮ ਦੀ ਸਰਗਰਮੀ ਦੀ ਸੂਚੀ ਵੇਖਣ ਲਈ ਇੱਥੇ ਕਲਿੱਕ ਕਰੋ ਅਤੇ ਇੱਥੇ 10(j) ਸਰਗਰਮੀ ਦਾ ਨਕਸ਼ਾ ਵੇਖੋ।

**ਅਪੀਲਾਂ ਬਾਰੇ ਦਫ਼ਤਰ**

ਕੋਈ ਦੋਸ਼ ਖ਼ਾਰਜ ਕਰਨ ਦੇ ਫ਼ੈਸਲਿਆਂ ਲਈ ਅਪੀਲ ਬਰਖ਼ਾਸਤਗੀ ਦੇ ਦੋ ਹਫ਼ਤਿਆਂ ਦੇ ਅੰਦਰ ਵਾਸ਼ਿੰਗਟਨ D.C. ਵਿੱਚ ਅਪੀਲਾਂ ਬਾਰੇ ਦਫ਼ਤਰ ਵਿੱਚ ਕੀਤੀ ਜਾ ਸਕਦੀ ਹੈ। ਇਹ ਦਫ਼ਤਰ ਸਾਲ ਵਿੱਚ ਲਗਭਗ 2000 ਕੇਸਾਂ ਦਾ ਨਿਪਟਾਰਾ ਕਰਦਾ ਹੈ। ਕੇਸ ਵਿਚਲੇ ਸਾਰੇ ਦਸਤਾਵੇਜ਼ਾਂ ਦਾ ਜਾਇਜ਼ਾ ਲੈਣ ਲਈ ਹਰ ਇੱਕ ਅਪੀਲ ਅਟਾੱਰਨੀ ਅਤੇ ਸੁਪਰਵਾਈਜ਼ਰ ਨੂੰ ਸੌਂਪੀ ਜਾਂਦੀ ਹੈ, ਜਿਸ ਵਿੱਚ ਦੋਸ਼ ਲਾਉਣ ਵਾਲੀ ਧਿਰ ਵਲੋਂ ਜਮ੍ਹਾ ਕਰਾਈ ਗਈ ਨਵੀਂ ਜਾਣਕਾਰੀ ਵੀ ਸ਼ਾਮਿਲ ਹੈ। ਉਹ ਸਾਰੇ ਕੇਸ, ਜਿਹਨਾਂ ਵਿੱਚ ਇਲਾਕਾਈ ਡਾਇਰੈਕਟਰ ਦੇ ਫ਼ੈਸਲੇ ਨੂੰ ਪਰਤਾਉਣ ਦੀ ਤਜਵੀਜ਼ ਹੈ, ਫ਼ੈਸਲੇ ਲਈ ਜਨਰਲ ਕੌਂਸਲ ਨੂੰ ਭੇਜੇ ਜਾਂਦੇ ਹਨ।

ਜਾਇਜ਼ੇ ਲਈ ਅਹਿਮ ਕੇਸ ਜਨਰਲ ਕੌਂਸਲ ਨੂੰ ਭੇਜੇ ਜਾ ਸਕਦੇ ਹਨ, ਭਾਵੇਂ ਇਲਾਕਾਈ ਫ਼ੈਸਲੇ ਨੂੰ ਬਹਾਲ ਰੱਖਣ ਦੀ ਸਿਫ਼ਾਰਸ਼ ਕੀਤੀ ਗਈ ਹੋਵੇ। ਲੋੜ ਪੈਣ 'ਤੇ ਦਫ਼ਤਰ ਅਗਲੀ ਪੜਤਾਲ ਲਈ ਇਲਾਕਿਆਂ ਨੂੰ ਕੇਸਾਂ ਦਾ ਰਿਮਾਂਡ ਵੀ ਦੇ ਸਕਦਾ ਹੈ। ਕਿਉਂਕਿ ਅਜਿਹੇ ਫ਼ੈਸਲਿਆਂ ਦਾ ਅਦਾਲਤ ਵਿੱਚ ਜਾਇਜ਼ਾ ਨਹੀਂ ਲਿਆ ਜਾ ਸਕਦਾ, ਇਸ ਲਈ ਉਹਨਾਂ ਧਿਰਾਂ ਲਈ ਕੋਈ ਹੋਰ ਉਪਾਅ ਨਹੀਂ ਹੈ, ਜਿਹਨਾਂ ਦਾ ਇਹ ਮੰਨਣਾ ਹੈ ਕਿ ਦੋਸ਼ ਨੂੰ ਗ਼ਲਤ ਢੰਗ ਨਾਲ ਖ਼ਾਰਜ ਕੀਤਾ ਗਿਆ ਹੈ।

**ਹੋਰ ਜਾਣਕਾਰੀ ਲਈ** ਜਾਂ ਦੋਸ਼ ਦਾਇਰ ਕਰਨ ਵਿੱਚ ਮਦਦ ਲਈ, ਕਿਰਪਾ ਕਰਕੇ ਆਪਣੇ NLRB ਦੇ ਸਭ ਤੋਂ ਨਜ਼ਦੀਕੀ ਇਲਾਕਾਈ ਦਫ਼ਤਰ ਵਿੱਚ ਇੰਫ਼ਰਮੇਸ਼ਨ ਅਫ਼ਸਰ ਨਾਲ ਸੰਪਰਕ ਕਰੋ।